# ਬਚਾਓ (ਮੁਕਤੀ) ਪ੍ਰਭੂ ਵੱਲੋਂ ਹੈ

ਫ੍ਰੈਂਕਲਿਨ ਦੇ ਨੋਟਸ

ਜ਼ਬੂਰ 3:8 ਬਚਾਓ ਯਹੋਵਾਹ ਵੱਲੋਂ ਹੈ, ਤੇਰੀ ਬਰਕਤ ਤੇਰੀ ਪਰਜਾ ਦੇ ਉੱਤੇ ਹੋਵੇ। ਯੂਨਾਹ 2:9 ਬਚਾਉ ਯਹੋਵਾਹ ਵੱਲੋਂ ਹੀ ਹੈ!

ਰੋਮੀਆਂ 8:28-30 ਦਾ ਅਧਿਐਨ: ਅਸੀਂ ਜਾਣਦੇ ਹਾਂ ਭਈ ਜਿਹੜੇ **ਪਰਮੇਸ਼ੁਰ ਨਾਲ ਪ੍ਰੇਮ ਰੱਖਦੇ** ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ ਅਰਥਾਤ ਓਹਨਾਂ ਦਾ ਜਿਹੜੇ ਪਰਮੇਸ਼ੁਰ ਦੀ ਮਨਸ਼ਾ ਦੇ ਅਨੁਸਾਰ **ਸੱਦੇ ਹੋਏ** ਹਨ। [29] ਕਿਉਂਕਿ ਜਿਨ੍ਹਾਂ ਨੂੰ ਉਹ ਨੇ **ਪਹਿਲਾਂ ਤੋਂ ਜਾਣਿਆ** ਸੀ ਉਸ ਨੇ ਓਹਨਾਂਨੂੰ **ਅੱਗਿਓਂ ਠਹਿਰਾਇਆ** ਭਈ ਉਹ ਦੇ ਪੁੱਤ੍ਰ ਦੇ ਸਰੂਪ ਉੱਤੇ ਬਣਨ ਭਈ ਉਹ ਬਹੁਤੇ ਭਰਾਵਾਂ ਵਿੱਚੋਂ ਜੇਠਾ ਹੋਵੇ। [30] ਅਤੇ ਜਿਨ੍ਹਾਂ ਨੂੰ ਉਹ ਨੇ ਅੱਗਿਓਂ ਠਹਿਰਾਇਆ ਉਸ ਨੇ ਓਹਨਾਂ ਨੂੰ **ਸੱਦਿਆ** ਭੀ ਅਤੇ ਜਿਨ੍ਹਾਂ ਨੂੰ ਉਸ ਨੇ ਸੱਦਿਆ ਓਹਨਾਂ ਨੂੰ **ਧਰਮੀ** ਭੀ **ਠਹਿਰਾਇਆ** ਅਤੇ ਜਿਨ੍ਹਾਂ ਨੂੰ ਉਸ ਨੇ ਧਰਮੀ ਠਹਿਰਾਇਆ ਓਹਨਾਂ ਨੂੰ **ਵਡਿਆਈ** ਭੀ **ਦਿੱਤੀ**।

ਯਸਾਯਾਹ 46:11 . . . ਹਾਂ, **ਮੈਂ ਬੋਲਿਆ** ਸੋ **ਮੈਂ ਨਿਭਾਵਾਂਗਾ**, ਮੈਂ ਠਾਣਿਆ ਸੋ **ਮੈਂ ਪੂਰਾ ਕਰਾਂਗਾ**।

..........................................................................................................................

ਰੋਮੀਆਂ 8:28 ਅਸੀਂ ਜਾਣਦੇ ਹਾਂ ਭਈ ਜਿਹੜੇ **ਪਰਮੇਸ਼ੁਰ ਨਾਲ ਪ੍ਰੇਮ ਰੱਖਦੇ** ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ ਅਰਥਾਤ ਓਹਨਾਂ ਦਾ **ਜਿਹੜੇ** ਪਰਮੇਸ਼ੁਰ ਦੀ ਮਨਸ਼ਾ ਦੇ ਅਨੁਸਾਰ **ਸੱਦੇ ਹੋਏ ਹਨ**।

## I. ਉਹ ਕੌਣ ਹਨ ਜਿਹੜੇ ਪਰਮੇਸ਼ੁਰ ਨੂੰ ਪਿਆਰ ਕਰਦੇ ਹਨ?

ਰੋਮੀਆਂ 8:28 **ਜਿਹੜੇ** ਪਰਮੇਸ਼ੁਰ ਦੀ ਮਨਸ਼ਾ ਦੇ ਅਨੁਸਾਰ **ਸੱਦੇ ਹੋਏ ਹਨ**। / **ਉਸ ਦੀ ਯੋਜਨਾ ਅਨੁਸਾਰ** ।

## II. ਉਹ ਕਿਨ੍ਹਾਂ ਨੂੰ ਸੱਦਦਾ ਹੈ?

ਰੋਮੀਆਂ 8:29 **ਜਿਨ੍ਹਾਂ ਨੂੰ ਉਹ ਨੇ ਪਹਿਲਾਂ ਤੋਂ ਜਾਣਿਆ ਸੀ** ਜਿਨ੍ਹਾਂ ਨੂੰ ਉਹ ਉਨ੍ਹਾਂ ਦੇ ਜੰਮਣ ਤੋਂ ਪਹਿਲਾਂ ਸਦੀਪਕਾਲ ਤੋਂ ਜਾਣਦਾ ਸੀ। ਜਿਨ੍ਹਾਂ ਦਾ ਨਾਮ ਓਸ ਲੇਲੇ ਦੀ . . . ਜੀਵਨ ਦੀ ਪੋਥੀ ਵਿੱਚ ਜਗਤ ਦੇ ਮੁੱਢੋਂ ਹੀ . . . ਲਿਖਿਆ ਗਿਆ। ਪਰਕਾਸ਼ ਦੀ ਪੋਥੀ 13:8 ਅਤੇ 17:8

ਅਫ਼ਸੀਆਂ 1:4 ਜਿਵੇਂ **ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ** ਉਸ ਵਿੱਚ **ਚੁਣ ਲਿਆ** ਭਈ ਅਸੀਂ (ਪਹਿਲਾਂ ਤੋਂ ਹੀ ਠਹਿਰਾਏ ਗਏ ਕਿ) ਉਹ ਦੇ ਸਨਮੁਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ **ਹੋਈਏ**।

1 ਪਤਰਸ 1:1-3 ਉਨ੍ਹਾਂ ਨੂੰ . . . **ਜਿਹੜੇ** ਪਿਤਾ ਪਰਮੇਸ਼ੁਰ ਦੇ **ਅਗੇਤ੍ਰੇ ਗਿਆਨ** ਦੇ ਅਨੁਸਾਰ **ਚੁਣੇ ਹੋਏ ਹਨ** . . . ਜਿਹ ਨੇ ਆਪਣੀ ਅੱਤ ਦਯਾ ਦੇ ਅਨੁਸਾਰ . . . **ਸਾਨੂੰ** ਜੀਉਂਦੀ ਆਸ ਲਈ **ਨਵੇਂ ਸਿਰਿਓਂ ਜਨਮ ਦਿੱਤਾ**

- ਯੂਹੰਨਾ 15:16 ਤੁਸਾਂ ਮੈਨੂੰ ਨਹੀਂ ਚੁਣਿਆ ਪਰ ਮੈਂ ਤੁਹਾਨੂੰ ਚੁਣਿਆ

## III. ਤੁਸੀਂ ਪਹਿਲਾਂ ਤੋਂ ਠਹਿਰਾਏ ਗਏ / ਚੁਣੇ ਗਏ ਤਾਂ ਜੋ. . .

ਰੋਮੀਆਂ 8:29 . . . **ਉਸ ਨੇ** ਓਹਨਾਂ ਨੂੰ **ਅੱਗਿਓਂ ਠਹਿਰਾਇਆ** ਭਈ ਉਹ ਦੇ ਪੁੱਤ੍ਰ ਦੇ ਸਰੂਪ ਉੱਤੇ ਬਣਨ ਯਸਾਯਾਹ 46:11 **ਹਾਂ, ਮੈਂ ਬੋਲਿਆ ਸੋ ਮੈਂ ਨਿਭਾਵਾਂਗਾ, ਮੈਂ ਠਾਣਿਆ ਸੋ ਮੈਂ ਪੂਰਾ ਕਰਾਂਗਾ**

## IV. ਉਸ ਨੇ ਤੁਹਾਨੂੰ ਸੱਦਿਆ।

ਰੋਮੀਆਂ 8:30 ਅਤੇ ਜਿਨ੍ਹਾਂ ਨੂੰ ਉਹ ਨੇ ਅੱਗਿਓਂ ਠਹਿਰਾਇਆ **ਉਸ ਨੇ** ਓਹਨਾਂ ਨੂੰ **ਸੱਦਿਆ** ਭੀ।

1 ਕੁਰਿੰਥੀਆਂ 1:9 ਪਰਮੇਸ਼ੁਰ ਵਫ਼ਾਦਾਰ ਹੈ **ਜਿਹ ਦੇ ਰਾਹੀਂ ਤੁਸੀਂ** ਉਹ ਦੇ ਪੁੱਤ੍ਰ ਯਿਸੂ ਮਸੀਹ ਸਾਡੇ ਪ੍ਰਭੁ ਦੀ **ਸੰਗਤ ਲਈ ਸੱਦੇ ਗਏ ਸਾਓ।**

ਰੋਮੀਆਂ 1:6 ਜਿਨ੍ਹਾਂ ਵਿੱਚ **ਤੁਸੀਂ ਵੀ ਰਲ ਕੇ ਯਿਸੂ ਮਸੀਹ ਦੇ ਸੱਦੇ ਹੋਏ ਹੋ**

- ਉਸ ਦੇ ਮਨਮੋਹਣੇ ਸੱਦੇ ਨੇ ਤੁਹਾਡੇ ਦਿਲ ਨੂੰ ਅਵਾਜ਼ ਦਿੱਤੀ, ਨਾ ਕਿ ਤੁਹਾਡੇ ਦਿਮਾਗ ਨੂੰ। ਤੁਸੀਂ ਉਸ ਦੇ ਨਾਮ ਨੂੰ ਇਸ ਕਰਕੇ ਪੁਕਾਰਿਆ ਕਿਉਂਕਿ ਪਹਿਲਾਂ ਉਸ ਨੇ ਤੁਹਾਨੂੰ ਪੁਕਾਰਿਆ।

  1 ਕੁਰਿੰਥੀਆਂ 1:2 ਅੱਗੇ ਜੋਗ ਪਰਮੇਸ਼ੁਰ ਦੀ ਕਲੀਸਿਯਾ ਨੂੰ ਜਿਹੜੀ ਕੁਰਿੰਥੁਸ ਵਿੱਚ ਹੈ ਅਰਥਾਤ ਓਹਨਾਂ ਨੂੰ ਜਿਹੜੇ ਮਸੀਹ ਯਿਸੂ ਵਿੱਚ ਪਵਿੱਤਰ ਕੀਤੇ ਹੋਏ ਅਤੇ **ਸੰਤ ਹੋਣ ਲਈ ਸੱਦੇ ਹੋਏ** ਹਨ ਉਨ੍ਹਾਂ ਸਭਨਾਂ ਸਣੇ ਜਿਹੜੇ ਹਰੇਕ ਥਾਂ **ਸਾਡੇ ਪ੍ਰਭੁ ਯਿਸੂ ਮਸੀਹ ਦਾ ਨਾਮ ਲੈਂਦੇ ਹਨ**

1 ਥੱਸਲੁਨੀਕੀਆਂ 5:24 **ਤੁਹਾਡਾ ਸੱਦਣ ਵਾਲਾ ਵਫ਼ਾਦਾਰ ਹੈ** ਅਤੇ ਉਹ **ਅਜਿਹਾ ਹੀ ਕਰੇਗਾ।**

- ਉਸ ਦਾ ਇੱਕ ਵੀ ਬੰਦਾ ਇਸ ਸੱਦੇ ਤੋਂ ਵਾਂਝਾ ਨਹੀਂ ਰਹੇਗਾ

  ਯੂਹੰਨਾ 6:37 **ਜੋ ਕੁਝ** ਪਿਤਾ ਮੈਨੂੰ ਦਿੰਦਾ ਹੈ **ਮੇਰੇ ਕੋਲ ਆਵੇਗਾ** ਅਤੇ ਜੋ ਮੇਰੇ ਕੋਲ ਆਉਂਦਾ ਹੈ ਮੈਂ ਕਦੇ ਵੀ ਉਹ ਨੂੰ ਕੱਢ ਨਾ ਦਿਆਂਗਾ।

  ਯੂਹੰਨਾ 6:39 ਅਤੇ ਜਿਹ ਨੇ ਮੈਨੂੰ ਘੱਲਿਆ **ਉਹ ਦੀ ਮਰਜ਼ੀ** ਇਹ ਹੈ ਭਈ **ਸਭ ਕੁਝ** ਜੋ ਉਹ ਨੇ ਮੈਨੂੰ ਦਿੱਤਾ ਹੈ ਉਸ ਵਿੱਚੋਂ **ਮੈਂ ਕੁਝ ਨਾ ਗੁਆਵਾਂ** ਸਗੋਂ ਉਸ ਨੂੰ ਅੰਤ ਦੇ ਦਿਨ ਜੀਉਂਦਾ ਉਠਾਵਾਂ।

  ਯੂਹੰਨਾ 18:9 . . . ਜਿਹੜੇ ਤੈਂ ਮੈਨੂੰ ਦਿੱਤੇ ਹਨ ਉਨ੍ਹਾਂ ਵਿੱਚੋਂ **ਮੈਂ ਇੱਕ ਵੀ ਨਹੀਂ ਗੁਆਇਆ।**

  ਯੂਹੰਨਾ 10: 3 ਉਹ ਦੇ ਲਈ ਦਰਬਾਨ ਖੋਲ੍ਹ ਦਿੰਦਾ ਹੈ ਅਤੇ **ਭੇਡਾਂ ਉਹ ਦਾ ਬੋਲ ਸੁਣਦੀਆਂ** ਹਨ ਅਤੇ **ਉਹ ਆਪਣੀਆਂ ਭੇਡਾਂ ਨੂੰ ਨਾਉਂ ਲੈ ਲੈ ਕੇ ਬੁਲਾਉਂਦਾ ਹੈ** ਅਰ **ਉਨ੍ਹਾਂ ਨੂੰ** ਬਾਹਰ **ਲੈ ਜਾਂਦਾ ਹੈ।**

  ਯੂਹੰਨਾ 10: 4 ਜਦ ਉਹ **ਆਪਣੀ ਸਾਰੀਆਂ** ਭੇਡਾਂ ਨੂੰ ਕੱਢ ਚੁੱਕਦਾ ਹੈ ਤਾਂ ਉਨ੍ਹਾਂ ਦੇ ਅੱਗੇ ਅੱਗੇ ਤੁਰ ਪੈਂਦਾ ਹੈ ਅਤੇ **ਭੇਡਾਂ ਉਹ ਦੇ ਮਗਰ ਮਗਰ ਲੱਗੀਆਂ ਜਾਂਦੀਆਂ ਹਨ** ਕਿਉਂ ਜੋ **ਓਹ ਉਸ ਦੀ ਅਵਾਜ਼ ਪਛਾਣਦੀਆਂ ਹਨ।**

  ਯੂਹੰਨਾ 10: 26-29 ਪਰ ਤੁਸੀਂ ਪਰਤੀਤ ਨਹੀਂ ਕਰਦੇ ਕਿਉਂ ਜੋ ਮੇਰੀਆਂ ਭੇਡਾਂ ਵਿੱਚੋਂ ਨਹੀਂ ਹੋ। [27]**ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ** ਅਰ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ ਅਤੇ **ਓਹ ਮੇਰੇ ਮਗਰ ਲੱਗੀਆਂ ਆਉਂਦੀਆਂ ਹਨ।** [28]ਮੈਂ ਉਨ੍ਹਾਂ ਨੂੰ **ਸਦੀਪਕ ਜੀਉਣ ਦਿੰਦਾ ਹਾਂ** ਅਰ ਉਨ੍ਹਾਂ ਦਾ ਸਦੀਪਕਾਲ ਤੀਕੁ **ਕਦੇ ਨਾਸ ਨਾ ਹੋਵੇਗਾ**, ਨਾ ਕੋਈ ਉਨ੍ਹਾਂ ਨੂੰ ਮੇਰੇ ਹੱਥੋਂ ਖੋਹ ਲਵੇਗਾ।

## V. ਨਿਹਚਾ ਪਰਮੇਸ਼ੁਰ ਦੀ ਬਖਸ਼ੀਸ਼ ਹੈ

ਇਬਰਾਨੀਆਂ 12:2 ਅਤੇ **ਯਿਸੂ** ਦੀ ਵੱਲ ਤੱਕਦੇ ਰਹੀਏ ਜਿਹੜਾ **ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ** ਹੈ ਕਰਤਾ – ਉਹ ਜਿਹੜਾ ਉਤਪੰਨ ਕਰਦਾ ਜਾਂ ਸਿਰਜਦਾ ਹੈ

ਗਲਾਤੀਆਂ 3:23 ਪਰ **ਨਿਹਚਾ ਦੇ ਆਉਣ ਤੋਂ ਪਹਿਲਾਂ** ਅਸੀਂ **ਉਸ ਨਿਹਚਾ ਦੇ ਲਈ ਜਿਹੜੀ ਪਰਗਟ ਹੋਣੀ ਸੀ** ਸ਼ਰਾ ਦੇ ਪਹਿਰੇ ਹੇਠ ਬੱਧੇ ਹੋਏ ਰਹਿੰਦੇ ਸਾਂ।

- ਨਿਹਚਾ ਸਾਡੇ ਤੀਕ ਪਹੁੰਚੀ। ਇਹ ਸਾਡੇ ਵਿੱਚ ਜਾਂ ਸਾਡੇ ਤੋਂ ਉਤਪੰਨ ਨਹੀਂ ਹੁੰਦੀ।

ਮੱਤੀ 16:15-17 ਪਰ ਤੁਸੀਂ ਮੈਨੂੰ ਕੀ ਕਹਿੰਦੇ ਹੋ ਜੋ ਮੈਂ ਕੌਣ ਹਾਂ? [16]ਸ਼ਮਊਨ ਪਤਰਸ ਨੇ ਉੱਤਰ ਦਿੱਤਾ, ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤ੍ਰ ਹੈਂ। [17]ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਧੰਨ ਹੈਂ ਤੂੰ ਸ਼ਮਊਨ ਬਰ-ਯੋਨਾਹ ਕਿਉਂ ਜੋ **ਸਰੀਰ ਅਤੇ ਲਹੂ ਨੇ ਨਹੀਂ ਸਗੋਂ ਮੇਰੇ ਪਿਤਾ ਨੇ** ਜਿਹੜਾ ਸੁਰਗ ਵਿੱਚ ਹੈ **ਇਹ ਗੱਲ ਤੇਰੇ ਉੱਤੇ ਪਰਗਟ ਕੀਤੀ।**

- ਪਤਰਸ ਇਸ ਗੱਲ ਤੋਂ ਜਾਣੂ ਸੀ, ਇਸੇ ਕਰਕੇ ਉਸ ਨੇ ਇਹ ਲਿਖਿਆ:

2 ਪਤਰਸ 1:1 ਸ਼ਮਊਨ ਪਤਰਸ ਜਿਹੜਾ ਯਿਸੂ ਮਸੀਹ ਦਾ ਦਾਸ ਅਤੇ ਰਸੂਲ ਹਾਂ। ਅੱਗੇ ਜੋਗ **ਉਨ੍ਹਾਂ ਨੂੰ ਜਿਹੜੇ** ਸਾਡੇ ਪਰਮੇਸ਼ੁਰ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੇ ਧਰਮ ਦੇ ਰਾਹੀਂ ਸਾਡੇ ਸਮਾਨ ਅਮੋਲਕ **ਨਿਹਚਾ ਨੂੰ ਪਰਾਪਤ ਹੋਏ** ਹਨ।

ਰੋਮੀਆਂ 12:3-4 **ਪਰਮੇਸ਼ੁਰ ਨੇ ਮਿਣ ਕੇ ਹਰੇਕ ਨੂੰ ਨਿਹਚਾ ਵੰਡ ਦਿੱਤੀ ਹੈ।**

ਫਿਲਿੱਪੀਆਂ 1:29 ਕਿਉਂ ਜੋ ਮਸੀਹ ਦੇ ਲਈ **ਤੁਹਾਡੇ ਉੱਤੇ ਇਹ ਕਿਰਪਾ ਹੋਈ** ਭਈ ਤੁਸੀਂ **ਨਾ ਕੇਵਲ** ਉਸ ਉੱਤੇ **ਨਿਹਚਾ ਹੀ ਕਰੋ** ਸਗੋਂ ਉਹ ਦੇ ਲਈ ਦੁਖ ਵੀ ਝੱਲੋ।

1 ਪਤਰਸ 1:21 ਜਿਹੜੇ ***ਉਹ ਦੇ ਰਾਹੀਂ ਪਰਮੇਸ਼ੁਰ ਉੱਤੇ ਨਿਹਚਾ ਰੱਖਦੇ ਹੋ . . . ਤਾਂ ਜੋ** ਤੁਹਾਡੀ **ਨਿਹਚਾ** ਅਤੇ **ਆਸ** ਪਰਮੇਸ਼ੁਰ ਉੱਤੇ ਹੋਵੇ। (*ਕੁਝ ਕਰਨ ਦੇ – ਦੁਆਰਾ ਜਾਂ ਰਾਹੀਂ)

ਅਫ਼ਸੀਆਂ 2:8 ਕਿਉਂ ਜੋ ਤੁਸੀਂ ਕਿਰਪਾ (ਪਰਮੇਸ਼ੁਰ ਦਾ ਮੁਫ਼ਤ ਦਾਨ) ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ

- ਕਿਉਂ ਜੋ ਕਿਰਪਾ ਦੇ ਰਾਹੀਂ ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ **ਮੁਕਤੀ ਸਾਡੇ ਆਪਣੇ ਆਪ ਤੋਂ ਨਹੀਂ ਹੈ**। ਇਸੇ ਕਰਕੇ **ਨਿਹਚਾ ਵੀ ਸਾਡੇ "ਆਪਣੇ ਆਪ ਤੋਂ" ਨਹੀਂ ਹੋ ਸਕਦੀ** ਕਿਉਂਕਿ ਮੁਕਤੀ ਨਿਹਚਾ ਨਾਲ ਜਾਂ ਨਿਹਚਾ ਦੁਆਰਾ ਹੀ ਮਿਲਦੀ ਹੈ। ਨਹੀਂ ਤਾਂ ਮੁਕਤੀ ਸਾਡੇ ਉੱਤੇ ਨਿਰਭਰ ਹੁੰਦੀ।

- ਇਸੇ ਗੱਲ ਨੂੰ ਸਪੱਸ਼ਟ ਕਰਨ ਲਈ ਪਵਿੱਤਰ ਆਤਮਾ ਨੇ ਨਾਲ ਹੀ ਇਹ ਵੀ ਕਹਿ ਦਿੱਤਾ ਕਿ "ਅਤੇ ਇਹ ਤੁਹਾਡੀ ਵੱਲੋਂ ਨਹੀਂ," ਜੋ ਕਿ **ਉਸ ਨਾਂਵ ਦਾ ਹਵਾਲਾ ਹੈ ਜੋ ਇਸ ਵਾਕ ਤੋਂ ਪਹਿਲਾਂ ਆਉਂਦਾ ਹੈ**, ਭਾਵ "**ਨਿਹਚਾ**" **ਦਾ**, ਅਤੇ ਇਹ ਵੀ ਸਾਡੇ ਆਪਣੇ ਵੱਲੋਂ ਨਹੀਂ ਹੈ ਸਗੋਂ ਇਹ "**ਪਰਮੇਸ਼ੁਰ ਦੀ ਬਖਸ਼ੀਸ਼**" ਹੈ, ਜਿਵੇਂ ਕਿ ਵਾਕ **ਕਿਰਪਾ** ਤੋਂ ਇਸ ਗੱਲ ਦੀ ਮੁਨਾਦੀ ਕਰਦਾ ਹੈ ਕਿ ਮੁਕਤੀ ਸਾਡੇ ਆਪਣੇ ਆਪ ਤੋਂ ਨਹੀਂ ਹੈ। ਸ਼ਬਦ "**ਇਹ**" ਦਾ ਸੰਬੰਧ **ਬਚਾਏ** ਗਏ ਹੋ ਨਾਲ **ਨਹੀਂ** ਹੈ ਕਿਉਂਕਿ ਕਿਰਿਆ ਕਾਲ ਹੋ ਇਸ ਗੱਲ ਨੂੰ ਪਹਿਲਾਂ ਹੀ ਸਪੱਸ਼ਟ ਕਰ ਦਿੰਦਾ ਹੈ ਕਿ ਅਸੀਂ ਬਚਾਏ ਜਾਣ ਦੀ ਕਿਰਿਆ ਨੂੰ **ਪ੍ਰਾਪਤ ਕੀਤਾ** ਜਿਸ ਕਰਕੇ "ਇਹ ਤੁਹਾਡੀ ਵੱਲੋਂ ਨਹੀਂ" ਦੀ ਵਿਆਖਿਆ ਦਾ ਇਸ ਗੱਲ ਨੂੰ ਸਪੱਸ਼ਟ ਕਰਨ ਤੋਂ ਇਲਾਵਾ ਹੋਰ ਕੋਈ ਮਤਲਬ ਨਹੀਂ ਰਹਿ ਜਾਂਦਾ ਕਿ **ਨਿਹਚਾ** ਵੀ **ਸਾਡੇ ਆਪਣੇ ਆਪ ਤੋਂ ਨਹੀਂ** ਹੈ।

- ਯੂਹੰਨਾ 15:5 . . . ਮੈਥੋਂ ਵੱਖਰੇ ਹੋ ਕੇ **ਤੁਸੀਂ ਕੁਝ ਨਹੀਂ ਕਰ ਸੱਕਦੇ** । ਜੇਕਰ ਕੁਝ ਨਹੀਂ ਦਾ ਮਤਲਬ "ਕੁਝ ਨਹੀਂ" ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਵਿੱਚ ਨਿਹਚਾ ਰੱਖਣਾ ਅਤੇ ਵਿਸ਼ਵਾਸ ਕਰਨਾ ਸ਼ਾਮਲ ਹਨ। ਇਹ ਦੋਵੇਂ ਗੱਲਾਂ ਪਰਮੇਸ਼ੁਰ ਦੀ **ਬਖਸ਼ੀਸ਼** ਹਨ।

- 1 ਕੁਰਿੰਥੀਆਂ 4:7 **. . . ਤੇਰੇ ਕੋਲ ਕੀ ਹੈ ਜੋ ਤੈਂ ਦੂਏ ਤੋਂ ਨਹੀਂ ਲਿਆ?**
  ਇਸ ਵਿੱਚ ਨਿਹਚਾ ਵੀ ਸ਼ਾਮਲ ਹੈ।
- ਯੂਹੰਨਾ 3:27 . . . ਮਨੁੱਖ ਜੇ ਉਹ ਨੂੰ ਸੁਰਗੋਂ ਦਿੱਤਾ ਨਾ ਜਾਵੇ ਤਾਂ ਕੁਝ ਨਹੀਂ ਪਾ ਸੱਕਦਾ।
  ਇਸ ਵਿੱਚ ਨਿਹਚਾ ਵੀ ਸ਼ਾਮਲ ਹੈ।

2 ਥੱਸਲੁਨੀਕੀਆਂ 2:13 . . . ਪਰਮੇਸ਼ੁਰ ਨੇ ਆਦ ਤੋਂ ਹੀ **ਤੁਹਾਨੂੰ ਚੁਣ ਲਿਆ** ਭਈ ਤੁਹਾਨੂੰ (ਦੋ ਗੱਲਾਂ) (1) ਆਤਮਾ ਤੋਂ ਪਵਿੱਤਰ ਹੋਣ ਨਾਲ **ਅਤੇ** (2) ਸੱਚ ਨੂੰ **ਮੰਨਣ** ਨਾਲ **ਮੁਕਤੀ ਹੱਥ ਆਵੇ**।

- ਪਵਿੱਤਰ ਕਰਨ ਦਾ ਕੰਮ ਆਤਮਾ ਕਰਦਾ ਹੈ। ਸ਼ਬਦ "ਅਤੇ" ਪਵਿੱਤਰ ਹੋਣ ਅਤੇ ਮੰਨਣ (ਨਿਹਚਾ) ਨੂੰ ਆਪੋ ਵਿੱਚ ਜੋੜਦਾ ਹੈ ਜਿਸ ਦਾ ਅਰਥ ਇਹ ਹੈ ਕਿ **ਮੰਨਣਾ (ਨਿਹਚਾ) ਵੀ ਆਤਮਾ ਤੋਂ ਹੈ ਅਤੇ ਇਹ ਮਨੁੱਖ ਵੱਲੋਂ ਨਹੀਂ ਹੁੰਦਾ।**

ਯਾਕੂਬ 2:5 ਸੁਣੋ, ਹੇ ਮੇਰੇ ਭਰਾਵੋ, ਕੀ ਪਰਮੇਸ਼ੁਰ ਨੇ ਓਹਨਾਂ ਨੂੰ ਨਹੀਂ **ਚੁਣਿਆ** ਜਿਹੜੇ ਸੰਸਾਰ ਦੀ ਵੱਲੋਂ ਗਰੀਬ ਹਨ ਭਈ **ਨਿਹਚਾ ਵਿੱਚ ਧਨੀ ਹੋਣ** ਅਤੇ ਉਸ ਰਾਜ ਦੇ ਅਧਕਾਰੀ ਹੋਣ

1 ਕੁਰਿੰਥੀਆਂ 1:30 ਪਰ **ਉਸ ਤੋਂ ਤੁਸੀਂ ਮਸੀਹ ਯਿਸੂ ਵਿੱਚ ਹੋ** ਜਿਹੜਾ ਪਰਮੇਸ਼ੁਰ ਦੀ ਵੱਲੋਂ ਸਾਡੇ ਲਈ ਗਿਆਨ ਅਤੇ ਧਰਮ ਅਤੇ ਪਵਿੱਤਰਤਾਈ ਅਤੇ ਨਿਸਤਾਰਾ ਬਣਾਇਆ ਗਿਆ ਸੀ

## VI. ਅਸੀਂ ਉਪਰੋਕਤ ਗੱਲਾਂ ਜਾਣਨ ਕਰਕੇ ਹੀ ਪ੍ਰਭੂ ਨੂੰ ਪ੍ਰੇਮ ਕਰਦੇ ਹਾਂ। ਇਸ ਲਈ:

1 ਤਿਮੋਥੀਉਸ 6:12 ਨਿਹਚਾ ਦੀ ਚੰਗੀ ਲੜਾਈ ਲੜ, **ਸਦੀਪਕ ਜੀਵਨ** ਨੂੰ ਫੜ **ਜਿਹ ਦੇ ਲਈ ਤੂੰ ਸੱਦਿਆ ਗਿਆ** ਅਤੇ ਤੈਂ ਬਹੁਤਿਆਂ ਗਵਾਹਾਂ ਦੇ ਅੱਗੇ ਪੱਕਾ ਕਰਾਰ ਕੀਤਾ ਸੀ।

1 ਥੱਸਲੁਨੀਕੀਆਂ 2:12 ਜੋ ਤੁਸੀਂ **ਪਰਮੇਸ਼ੁਰ** ਦੇ ਜੋਗ ਚਾਲ ਚੱਲੋ **ਜਿਹੜਾ ਤੁਹਾਨੂੰ ਆਪਣੇ ਰਾਜ ਅਤੇ ਤੇਜ ਵਿੱਚ ਸੱਦਦਾ** ਹੈ।

2 ਥੱਸਲੁਨੀਕੀਆਂ 2:14 ਜਿਹ ਦੇ ਲਈ **ਉਸ ਨੇ ਤੁਹਾਨੂੰ ਸਾਡੀ ਖੁਸ਼ ਖਬਰੀ ਦੇ ਰਾਹੀਂ ਸੱਦਿਆ** ਭਈ ਤੁਹਾਨੂੰ **ਸਾਡੇ ਪ੍ਰਭੁ ਯਿਸੂ ਮਸੀਹ ਦੀ ਮਹਿਮਾ ਪਰਾਪਤ** ਹੋਵੇ।

ਇਬਰਾਨੀਆਂ 9:15 ਇਸੇ ਕਾਰਨ ਉਹ ਨਵੇਂ ਨੇਮ ਦਾ ਵਿਚੋਲਾ ਹੈ ਕਿਉਂਕਿ ਇੱਕ ਮੌਤ ਹੋਈ ਹੈ ਜਿਹੜੀ ਪਹਿਲੇ ਨੇਮ ਦੇ ਅਪਰਾਧਾਂ ਤੋਂ ਛੁਡਾਉਂਦੀ ਹੈ ਭਈ **ਓਹ** (ਸਭ ਨਹੀਂ, ਪਰ ਕੁਝ) **ਜਿਹੜੇ ਸੱਦੇ ਹੋਏ ਹਨ ਸਦੀਪਕਾਲ ਦੇ ਵਿਰਸੇ ਦੇ ਵਾਇਦੇ ਨੂੰ ਪਰਾਪਤ ਕਰਨ**।

1 ਪਤਰਸ 2:9 ਪਰ **ਤੁਸੀਂ** ਚੁਣਿਆ ਹੋਇਆ ਵੰਸ, ਜਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ੁਰ ਦੀ ਖਾਸ ਪਰਜਾ ਹੋ ਭਈ ਤੁਸੀਂ ਉਹ ਦਿਆਂ ਗੁਣਾਂ ਦਾ ਪਰਚਾਰ ਕਰੋ ਜਿਹ ਨੇ **ਤੁਹਾਨੂੰ ਅਨ੍ਹੇਰੇ ਤੋਂ** ਆਪਣੇ ਅਚਰਜ ਚਾਨਣ ਵਿੱਚ **ਸੱਦ ਲਿਆ**।

1 ਪਤਰਸ 3:8-10 ਗੱਲ ਕਾਹਦੀ, ਤੁਸੀਂ ਸੱਭੇ ਇੱਕ ਮੰਨ ਹੋਵੋ, ਆਪੋ ਵਿੱਚੀਂ ਦਰਦੀ ਬਣੋ, ਭਰੱਪਣ ਦਾ ਪ੍ਰੇਮ ਰੱਖੋ, ਤਰਸਵਾਨ ਅਤੇ ਮਨ ਦੇ
ਹਲੀਮ ਹੋਵੋ। 9 ਬੁਰਿਆਈ ਦੇ ਬਦਲੇ ਬੁਰਿਆਈ ਨਾ ਕਰੋ ਅਤੇ ਗਾਲ ਦੇ ਬਦਲੇ ਗਾਲ ਨਾ ਕੱਢੋ **ਸਗੋਂ** ਉਲਟੇ **ਅਸੀਸ ਦਿਓ** ਕਿਉਂ ਜੋ **ਤੁਸੀਂ
ਇਸੇ ਦੇ ਲਈ ਸੱਦੇ ਗਏ** ਤਾਂ ਜੋ ਅਸੀਸ ਦੇ ਅਧਕਾਰੀ ਹੋਵੋ।

ਰਸੂਲਾਂ ਦੇ ਕਰਤੱਬ 2:39 ਕਿਉਂਕਿ **ਇਹ ਕਰਾਰ ਤੁਹਾਡੇ** ਅਰ **ਤੁਹਾਡੇ ਬਾਲਕਾਂ ਦੇ ਨਾਲ** ਹੈ ਅਤੇ **ਓਹਨਾਂ ਸਭਨਾਂ ਨਾਲ** (ਕੁਝ ਨਾਲ) ਜਿਹੜੇ ਦੂਰ ਹਨ ਜਿੰਨਿਆਂ ਨੂੰ ਪ੍ਰਭੁ ਸਾਡਾ ਪਰਮੇਸ਼ੁਰ **ਆਪਣੇ ਕੋਲ ਬੁਲਾਵੇ**।

ਅਫ਼ਸੀਆਂ 4:1-3 ਉਪਰੰਤ ਮੈਂ ਜੋ ਪ੍ਰਭੁ ਦੇ ਨਮਿੱਤ ਕੈਦੀ ਹਾਂ ਤੁਹਾਡੇ ਅੱਗੇ ਇਹ ਬੇਨਤੀ ਕਰਦਾ ਹਾਂ ਜੋ ਤੁਸੀਂ ਜਿਸ ਸੱਦੇ ਨਾਲ **ਸੱਦੇ ਹੋਏ ਹੋ
ਉਹ ਦੇ ਜੋਗ ਚਾਲ ਚੱਲੋ** 2ਅਰਥਾਤ ਪੂਰਨ ਅਧੀਨਗੀ, ਨਰਮਾਈ, ਅਤੇ ਧੀਰਜ ਸਹਿਤ ਪ੍ਰੇਮ ਨਾਲ ਇੱਕ ਦੂਜੇ ਦੀ ਸਹਿ ਲਵੋ 3ਅਤੇ ਮਿਲਾਪ
ਦੇ ਬੰਧ ਵਿੱਚ ਆਤਮਾ ਦੀ ਏਕਤਾ ਦੀ ਪਾਲਨਾ ਕਰਨ ਦਾ ਜਤਨ ਕਰੋ।

## VII. ਉਸ ਨੇ ਤੁਹਾਨੂੰ ਧਰਮੀ ਠਹਿਰਾਇਆ

ਰੋਮੀਆਂ 8:30 ਅਤੇ **ਜਿਨ੍ਹਾਂ ਨੂੰ ਉਸ ਨੇ ਸੱਦਿਆ ਓਹਨਾਂ ਨੂੰ ਧਰਮੀ** ਭੀ **ਠਹਿਰਾਇਆ**

ਰੋਮੀਆਂ 3:24 ਸੋ ਉਹ ਦੀ ਕਿਰਪਾ ਨਾਲ ਉਸ ਨਿਸਤਾਰੇ ਦੇ ਕਾਰਨ ਜੋ ਮਸੀਹ ਯਿਸੂ ਤੋਂ ਹੁੰਦਾ ਹੈ ਓਹ **ਮੁਖ਼ਤ ਧਰਮੀ ਗਿਣੇ ਜਾਂਦੇ** ਹਨ।
5:9 ਸੋ ਜਦੋਂ ਅਸੀਂ ਹੁਣ **ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ** ਤਾਂ ਇਸ ਨਾਲੋਂ ਬਹੁਤ ਵੱਧ ਕੇ **ਅਸੀਂ** ਉਹ ਦੇ ਰਾਹੀਂ ਉਸ ਕ੍ਰੋਧ ਤੋਂ **ਬਚ ਜਾਵਾਂਗੇ**।

ਰੋਮੀਆਂ 5:1-3 ਸੋ ਜਦੋਂ ਅਸੀਂ **ਨਿਹਚਾ ਨਾਲ ਧਰਮੀ ਠਹਿਰਾਏ ਗਏ** ਤਾਂ ਅਸੀਂ ਆਪਣੇ ਪ੍ਰਭੁ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ
ਰੱਖੀਏ। 2 **ਜਿਹ ਦੇ ਰਾਹੀਂ ਵੀ ਅਸੀਂ ਨਿਹਚਾ ਨਾਲ ਓਸ ਕਿਰਪਾ** ਵਿੱਚ **ਅੱਪੜੇ** ਜਿਹ ਦੇ ਉੱਤੇ ਖਲੋਤੇ ਹਾਂ, ਅਤੇ **ਪਰਮੇਸ਼ੁਰ ਦੇ ਪਰਤਾਪ** ਦੀ
ਆਸ ਉੱਤੇ ਅਭਮਾਨ ਕਰੀਏ।

## VIII. ਅਤੇ ਉਸ ਨੇ ਤੁਹਾਨੂੰ ਵਡਿਆਈ ਦਿੱਤੀ

ਰੋਮੀਆਂ 8:30 ਅਤੇ ਜਿਨ੍ਹਾਂ ਨੂੰ **ਉਸ ਨੇ** ਧਰਮੀ ਠਹਿਰਾਇਆ ਓਹਨਾਂ ਨੂੰ **ਵਡਿਆਈ** ਭੀ **ਦਿੱਤੀ**।

ਬਾਈਬਲ ਵਡਿਆਈ (ਮਹਿਮਾ) ਦੇ ਤਿੰਨ ਵੱਖ-ਵੱਖ ਅਰਥ ਦੱਸਦੀ ਹੈ।

1. **ਵਡਿਆਈ** ਦੇਣਾ, ਦੂਸਰਿਆਂ ਦੇ ਸਾਹਮਣੇ ਆਦਰ ਦੇ ਕੇ ਉੱਚਾ ਕਰਨਾ ਜਾਂ ਉੱਚੀ ਪਦਵੀ ਦੇਣਾ।

   ਯੂਹੰਨਾ 17:1 ਯਿਸੂ ਨੇ ਏਹ ਗੱਲਾਂ ਆਖੀਆਂ ਅਤੇ ਆਪਣੀਆਂ ਅੱਖਾਂ ਅਕਾਸ਼ ਵੱਲ ਚੁੱਕ ਕੇ ਕਿਹਾ, ਹੇ ਪਿਤਾ ਘੜੀ ਆ ਪਹੁੰਚੀ ਹੈ। **ਆਪਣੇ ਪੁੱਤ੍ਰ ਦੀ ਵਡਿਆਈ ਕਰ** ਤਾਂ ਜੋ **ਪੁੱਤ੍ਰ ਤੇਰੀ ਵਡਿਆਈ ਕਰੇ**

   2 ਥੱਸਲੁਨੀਕੀਆਂ 1:11-12 ਇਸੇ ਕਰਕੇ ਅਸੀਂ ਤੁਹਾਡੇ ਲਈ ਸਦਾ ਪ੍ਰਾਰਥਨਾ ਕਰਦੇ ਰਹਿੰਦੇ ਹਾਂ ਭਈ ਤੁਹਾਨੂੰ ਸਾਡਾ ਪਰਮੇਸ਼ੁਰ ਤੁਹਾਡੇ ਸੱਦੇ ਦੇ ਜੋਗ ਜਾਣੇ ਅਤੇ ਨੇਕੀ ਦੀ ਸਾਰੀ ਭਾਵਨਾ ਨੂੰ ਅਤੇ ਨਿਹਚਾ ਦੇ ਕੰਮ ਨੂੰ ਸਮਰੱਥਾ ਨਾਲ ਪੂਰਿਆਂ ਕਰੇ। **ਤਾਂ ਜੋ** ਸਾਡੇ ਪਰਮੇਸ਼ੁਰ ਅਤੇ *ਸਾਡੇ* ਪ੍ਰਭੁ ਯਿਸੂ ਮਸੀਹ ਦੀ ਕਿਰਪਾ ਦੇ ਅਨੁਸਾਰ **ਤੁਹਾਡੇ ਵਿੱਚ ਸਾਡੇ ਪ੍ਰਭੁ ਯਿਸੂ ਦਾ ਨਾਮ ਵਡਿਆਇਆ ਜਾਵੇ** ਅਤੇ **ਉਸ ਵਿੱਚ ਤੁਸੀਂ ਵੀ**।

2. **ਸਵਰਗ** ਨੂੰ **ਤੇਜ** (ਮਹਿਮਾ) ਕਿਹਾ ਗਿਆ ਹੈ

   ਜ਼ਬੂਰ 73:24 ਤੂੰ ਆਪਣੇ ਗੁਰਮਤੇ ਨਾਲ ਮੇਰੀ ਅਗਵਾਈ ਕਰੇਂਗਾ, ਅਤੇ ਉਹ ਦੇ ਮਗਰੋਂ **ਮੈਨੂੰ ਤੇਜ ਵਿੱਚ ਰੱਖੇਂਗਾ**।

   ਇਬਰਾਨੀਆਂ 2:10 . . .ਬਹੁਤਿਆਂ ਪੁੱਤ੍ਰਾਂ ਨੂੰ **ਤੇਜ** ਵਿੱਚ ਲਿਆਉਂਦਿਆਂ

3. ਜਿਹੜੇ ਸਵਰਗ (ਤੇਜ/ਮਹਿਮਾ) ਵਿੱਚ ਹਨ ਉਹ **ਵਡਿਆਈ** (ਮਹਿਮਾ) ਪਾਉਂਦੇ ਹਨ।

   ਪਿਤਾ ਪਰਮੇਸ਼ੁਰ ਦੀ **ਹਜ਼ੂਰੀ** ਦੇ ਕਾਰਨ, ਜਿਸ ਨੇ ਸਿੱਧਤਾ, ਸੁੰਦਰਤਾ ਅਤੇ ਸ਼ਾਨ ਵਿੱਚ ਸਭ ਤੋਂ ਉੱਚਾ ਹੋਣ ਕਰਕੇ ਆਪਣੇ ਆਪ ਦੀ **ਵਡਿਆਈ ਕੀਤੀ**, ਜ਼ਰੂਰ ਹੈ ਕਿ ਉਸ ਦੇ ਹਜ਼ੂਰ ਮੌਜੂਦ ਹਰੇਕ ਪ੍ਰਾਣੀ ਅਤੇ ਹਰੇਕ ਵਸਤ ਵੀ ਸਿੱਧ, ਸੁੰਦਰ ਅਤੇ **ਵਡਿਆਈ ਪਾਈ ਹੋਈ** ਹੋਵੇ ਅਤੇ ਹੈ ਵੀ।

ਯੂਹੰਨਾ 17:4-5 ਜਿਹੜਾ ਕੰਮ ਤੈਂ ਮੈਨੂੰ ਕਰਨ ਲਈ ਦਿੱਤਾ ਸੀ ਉਹ ਪੂਰਾ ਕਰਕੇ **ਮੈਂ ਧਰਤੀ ਉੱਤੇ ਤੇਰੀ ਵਡਿਆਈ ਕੀਤੀ**। 5**ਹੁਣ ਹੇ ਪਿਤਾ** ਤੂੰ ਆਪਣੀ ਸੰਗਤ ਦੀ ਉਸ **ਵਡਿਆਈ** ਨਾਲ ਜੋ ਮੈਂ ਜਗਤ ਦੇ ਹੋਣ ਤੋਂ **ਅੱਗੇ** ਹੀ ਤੇਰੇ ਨਾਲ ਰੱਖਦਾ ਸਾਂ **ਮੇਰੀ ਵਡਿਆਈ ਪਰਗਟ ਕਰ**।

ਇਸ ਆਇਤ ਵਿੱਚ ਯਿਸੂ ਨੇ **ਆਪਣੇ ਪਰਮੇਸ਼ੁਰਪਣ** ਦਾ ਅਤੇ ਜਗਤ ਦੀ ਰਚਨਾ ਤੋਂ ਪਹਿਲਾਂ ਪਿਤਾ ਪਰਮੇਸ਼ੁਰ ਦੇ **ਨਾਲ ਹੋਣ ਦਾ** ਦਾਵਾ ਕੀਤਾ। ਮੁਹੰਮਦ, ਬੁੱਧ ਜਾਂ ਕਿਸੇ ਵੀ ਹੋਰ ਧਰਮ ਦੇ ਮੋਢੀ ਨੇ ਕਦੇ ਇਹ ਦਾਵਾ ਨਹੀਂ ਕੀਤਾ ਅਤੇ ਨਾ ਹੀ ਕਰ ਸਕਦੇ ਹਨ।

ਇਸ ਆਇਤ ਵਿੱਚ ਵਡਿਆਈ ਦੇ ਦੋਵੇਂ ਅਰਥ ਹਨ।

1) ਯਿਸੂ ਨੇ ਆਪਣੇ ਪਿਤਾ ਦੀ ਆਗਿਆਕਾਰੀ ਕਰਕੇ ਅਤੇ ਉਸ ਕੰਮ ਨੂੰ ਪੂਰਾ ਕਰਕੇ ਜੋ ਉਸ ਦੇ ਪਿਤਾ ਨੇ ਉਸ ਨੂੰ ਸੌਂਪਿਆ ਸੀ ਆਪਣੇ ਪਿਤਾ ਦੀ ਵਡਿਆਈ ਕੀਤੀ। ਸਾਡੇ ਲਈ ਵੀ ਇਹ ਜ਼ਰੂਰੀ ਹੈ ਕਿ ਅਸੀਂ ਵੀ ਆਗਿਆਕਾਰੀ ਬਣੀਏ ਅਤੇ ਇੱਕ ਅਜਿਹਾ ਜੀਵਨ ਬਿਤਾਈਏ ਜਿਸ ਨਾਲ ਸਾਡੇ ਪਿਤਾ ਅਤੇ ਪ੍ਰਭੂ ਯਿਸੂ ਮਸੀਹ ਨੂੰ ਵਡਿਆਈ ਮਿਲੇ ਅਤੇ ਦੂਸਰਿਆਂ ਦੇ ਸਾਹਮਣੇ ਯਿਸੂ ਦਾ ਨਾਮ ਉੱਚਾ ਹੋਵੇ ਅਤੇ ਯਿਸੂ ਨੂੰ ਅਤੇ ਸਾਡੇ ਪਿਤਾ ਨੂੰ ਆਦਰ ਮਿਲੇ।

   ਯੂਹੰਨਾ 15:8 ਮੇਰੇ **ਪਿਤਾ ਦੀ ਵਡਿਆਈ** ਇਸੇ ਤੋਂ **ਹੁੰਦੀ ਹੈ** ਜੋ ਤੁਸੀਂ ਬਹੁਤਾ ਫਲ ਦਿਓ ਅਰ ਇਉਂ ਤੁਸੀਂ ਮੇਰੇ ਚੇਲੇ ਹੋਵੋਗੇ।

1 ਕੁਰਿੰਥੀਆਂ 10:31 **ਭਾਵੇਂ ਕੁਝ ਹੀ ਕਰਦੇ ਹੋ ਸੱਭੋ ਕੁਝ ਪਰਮੇਸ਼ੁਰ ਦੀ ਵਡਿਆਈ ਲਈ ਕਰੋ।**

2) ਆਪਣੇ ਕੰਮ ਨੂੰ ਪੂਰਾ ਕਰਨ ਤੋਂ ਬਾਅਦ ਯਿਸੂ ਕਹਿੰਦਾ ਹੈ: [5]**ਹੁਣ ਹੇ ਪਿਤਾ** ਤੂੰ ਆਪਣੀ ਸੰਗਤ ਦੀ ਉਸ **ਵਡਿਆਈ** ਨਾਲ ਜੋ ਮੈਂ ਜਗਤ ਦੇ ਹੋਣ ਤੋਂ **ਅੱਗੇ** ਹੀ ਤੇਰੇ ਨਾਲ ਰੱਖਦਾ ਸਾਂ **ਮੇਰੀ ਵਡਿਆਈ ਪਰਗਟ ਕਰ।**

- ਯਿਸੂ ਦੀ ਗੱਲ ਤੇ ਧਿਆਨ ਦਿਓ: ਆਪਣੀ ਸੰਗਤ . . . ਨਾਲ . . . **ਮੇਰੀ ਵਡਿਆਈ ਪਰਗਟ ਕਰ।**

  ਪਿਤਾ ਦੇ ਹਜ਼ੂਰ **ਹਰੇਕ ਪ੍ਰਾਣੀ** ਅਤੇ **ਹਰੇਕ ਵਸਤ** ਵਡਿਆਈ ਜਾਂਦੀ ਹੈ। ਸਵਰਗ ਵਿੱਚ ਰਹਿਣ ਜਾਂ ਉੱਥੇ ਜਾਣ ਦਾ **ਇੱਕੋ ਇੱਕ ਤਰੀਕਾ** ਹੈ ਅਤੇ ਉਹ ਹੈ **ਵਡਿਆਏ ਜਾਣਾ** ।

- ਰੋਮੀਆਂ 8:17 . . . ਅਸੀਂ ਉਹ ਦੇ ਨਾਲ ਦੁਖ ਝੱਲੀਏ (ਇਸ ਤੋਂ ਉਸ ਨੂੰ ਆਦਰ ਮਿਲਦਾ ਹੈ) ਭਈ **ਉਹ ਦੇ ਨਾਲ ਅਸੀਂ ਵਡਿਆਏ ਜਾਈਏ** ।

- ਜਿਹੜੇ ਉਸਦੇ ਹਨ ਜਦੋਂ ਉਹ ਸਵਰਗ ਨੂੰ ਉਠਾਏ ਜਾਂਦੇ ਹਨ ਤਾਂ ਉਨ੍ਹਾਂ ਨੂੰ ਇੱਕ ਤੇਜਵਾਨ ਦੇਹ ਮਿਲਦੀ ਹੈ।

  1 ਕੁਰਿੰਥੀਆਂ 15:42-44 ਇਸੇ ਤਰਾਂ ਮੁਰਦਿਆਂ ਦੀ ਕਿਆਮਤ ਵੀ ਹੈ। ਉਹ ਨਾਸਵਾਨ ਬੀਜਿਆ ਜਾਂਦਾ ਹੈ
  ਪਰ ਅਵਿਨਾਸੀ ਜੀ ਉੱਠਦਾ ਹੈ। 43 ਉਹ ਬੇ ਪਤ ਬੀਜਿਆ ਜਾਂਦਾ ਹੈ ਪਰੰਤੂ **ਪਰਤਾਪਵਾਨ** ਜੀ ਉੱਠਦਾ ਹੈ। ਉਹ
  ਨਿਰਬਲ ਬੀਜਿਆ ਜਾਂਦਾ ਹੈ ਪਰ ਬਲਵੰਤ ਜੀ ਉੱਠਦਾ ਹੈ। 44 ਉਹ ਪ੍ਰਾਣਕ ਸਰੀਰ ਹੋਕੇ ਬੀਜਿਆ ਜਾਂਦਾ ਹੈ ਪਰ
  ਉਹ ਆਤਮਕ ਸਰੀਰ ਹੋਕੇ ਜੀ ਉੱਠਦਾ ਹੈ। ਜੇ ਪ੍ਰਾਣਕ ਸਰੀਰ ਹੈ ਤਾਂ ਆਤਮਕ ਸਰੀਰ ਵੀ ਹੈ।

ਪ੍ਰਭੂ ਜੋ ਕਿ ਸ਼ੁਰੂ ਤੋਂ ਹੀ ਅੰਤ ਨੂੰ ਵੇਖ ਲੈਂਦਾ ਹੈ ਉਸ ਦੀ ਦ੍ਰਿਸ਼ਟੀ ਵਿੱਚ

ਕੰਮ ਪੂਰਾ ਹੋ ਚੁੱਕਿਆ ਹੈ !

ਰੋਮੀਆਂ 8:30 ਅਤੇ ਜਿਨ੍ਹਾਂ ਨੂੰ **ਉਸ ਨੇ** ਧਰਮੀ ਠਹਿਰਾਇਆ ਓਹਨਾਂ ਨੂੰ **ਵਡਿਆਈ ਭੀ ਦਿੱਤੀ** ।

---

ਇਸ ਲਈ: **ਉਸ ਨੇ** ਉਨ੍ਹਾਂ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਆਪਣੇ ਰਹਮ ਦੇ ਅਨੁਸਾਰ **ਸਾਨੂੰ ਬਚਾਇਆ**। ਤੀਤੁਸ 3:5

ਜਿਵੇਂ ਕਿ ਯਿਸੂ ਨੇ ਆਖਿਆ, "ਪੂਰਾ ਹੋਇਆ ਹੈ !" ਯੂਹੰਨਾ 19:30

ਬਿਲਕੁਲ ਉਸੇ ਤਰ੍ਹਾਂ ਜਿਵੇਂ ਪਵਿੱਤਰ ਆਤਮਾ ਨੇ ਯਸਾਯਾਹ ਨਬੀ ਦੀ ਜ਼ਬਾਨੀ ਯਸਾਯਾਹ 46:11 ਵਿੱਚ ਕਿਹਾ।

ਹਾਂ, **ਮੈਂ ਬੋਲਿਆ** ਸੋ **ਮੈਂ ਨਿਭਾਵਾਂਗਾ**, ਮੈਂ ਠਾਣਿਆ ਸੋ **ਮੈਂ ਪੂਰਾ ਕਰਾਂਗਾ**। ਯਸਾਯਾਹ 55:11 ਵੀ ਵੇਖੋ

ਬਚਾਉ ਯਹੋਵਾਹ ਵੱਲੋਂ ਹੀ ਹੈ! ਯੂਨਾਹ 2:9

ਸਰਬਸ਼ਕਤੀਮਾਨ ਪਰਮੇਸ਼ੁਰ ਇੱਕ ਪਿਤਾ ਹੈ। ਉਹ ਆਪਣੇ ਬੱਚਿਆਂ ਨਾਲ ਪਿਆਰ ਕਰਦਾ ਹੈ

ਉਹ ਸਨਾਤਨ ਹੈ ਅਤੇ ਉਸ ਨੇ ਇਸ ਗੱਲ ਨੂੰ ਯਕੀਨੀ ਬਣਾਇਆ ਹੈ ਕਿ ਉਸ ਦੇ ਬੱਚੇ ਸਦਾਕਾਲ ਤੀਕ ਉਸ ਦੇ ਨਾਲ ਰਹਿਣ।

ਪਰਮੇਸ਼ੁਰ ਪ੍ਰੇਮ ਹੈ (1 ਯੂਹੰਨਾ 4:8) ਅਤੇ ਪ੍ਰੇਮ ਕਦੇ ਟਲਦਾ ਨਹੀਂ (1 ਕੁਰਿੰਥੀਆਂ 13:8)

ਅਤੇ ਅਸੀਂ ਇਸੇ ਕਰਕੇ ਆਪਣੇ ਪਿਤਾ ਪਰਮੇਸ਼ੁਰ ਅਤੇ ਉਸ ਦੇ ਪੁੱਤਰ ਯਿਸੂ ਮਸੀਹ ਨੂੰ ਪਿਆਰ ਕਰਦੇ ਹਾਂ।

ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ। 1 ਯੂਹੰਨਾ 4:19

ਇਬਰਾਨੀਆਂ 9:12 ਉਹ . . . ਆਪਣੇ ਹੀ ਲਹੂ ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ **ਸਦੀਪਕ ਨਿਸਤਾਰਾ** ਕਮਾ ਕੇ ਇੱਕੋ ਵਾਰ ਅੰਦਰ ਗਿਆ। [15] ਇਸੇ ਕਾਰਨ ਉਹ ਨਵੇਂ ਨੇਮ ਦਾ ਵਿਚੋਲਾ ਹੈ ਕਿਉਂਕਿ ਇੱਕ ਮੌਤ ਹੋਈ ਹੈ ਜਿਹੜੀ ਪਹਿਲੇ ਨੇਮ ਦੇ ਅਪਰਾਧਾਂ ਤੋਂ ਛੁਡਾਉਂਦੀ ਹੈ ਭਈ **ਓਹ** ਜਿਹੜੇ **ਸੱਦੇ ਹੋਏ ਹਨ ਸਦੀਪਕਾਲ ਦੇ ਵਿਰਸੇ ਦੇ ਵਾਇਦੇ** ਨੂੰ ਪਰਾਪਤ ਕਰਨ।

ਸਾਡੇ **ਸਦੀਪਕ ਨਿਸਤਾਰੇ** ਲਈ – **ਇਹ ਉਹ ਕੰਮ ਹੈ ਜੋ ਪੂਰਾ ਕਰ ਦਿੱਤਾ ਗਿਆ ਹੈ !**

---

**ਕਿਸੇ ਵੀ ਤਰ੍ਹਾਂ**, ਉਸ "ਬੁੱਕਦੇ ਸ਼ੀਂਹ" (1 ਪਤਰਸ 5:8) ਤੋਂ **ਹਰ ਦਿਨ ਮੇਰੇ ਬਚਾਅ** ਵਾਸਤੇ ਜੋ ਲੱਭਦਾ ਫਿਰਦਾ ਹੈ ਕਿ ਕਿਸ ਨੂੰ ਪਾੜ ਖਾਵੇ

ਫਿਲਿੱਪੀਆਂ 2:12-13 ਇਸ ਲਈ, ਹੇ ਮੇਰੇ ਪਿਆਰਿਓ, ਜਿਵੇਂ (1) ਤੁਸਾਂ ਸਦਾ ਆਗਿਆਕਾਰੀ ਕੀਤੀ ਨਿਰੇ ਮੇਰੇ ਹੁੰਦਿਆਂ ਨਹੀਂ ਸਗੋਂ ਹੁਣ (2) ਬਹੁਤ ਵਧੀਕ ਮੇਰੇ ਪਰੋਖੇ ਹੁੰਦਿਆਂ ਤੁਸੀਂ (3) **ਡਰਦੇ ਅਤੇ ਕੰਬਦੇ ਹੋਏ ਆਪਣੀ ਮੁਕਤੀ ਦਾ ਕੰਮ ਨਿਬਾਹੋ।** [13] ਕਿਉਂ ਜੋ ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ।

- **ਆਪਣੀ ਮੁਕਤੀ ਦਾ ਕੰਮ ਨਿਬਾਹੋ** ਆਪਣੀ ਮੁਕਤੀ – ਇਹ ਤੁਹਾਡੀ ਹੈ। ਇਹ ਤੁਹਾਨੂੰ ਮਿਲ ਗਈ ਹੈ। ਹੁਣ ਇਸ ਤੇ ਮਿਹਨਤ ਕਰੋ / ਇਸ ਨੂੰ ਪੂਰਿਆਂ ਕਰੋ। ਉਹ ਬਣ ਕੇ ਰਹੋ ਜੋ ਤੁਸੀਂ ਹੋ।

- **ਤੁਸਾਂ ਸਦਾ ਆਗਿਆਕਾਰੀ ਕੀਤੀ** ਦਾ ਮਤਲਬ ਇਹ ਹੈ ਕਿ ਉਨ੍ਹਾਂ **ਬੁਲਾਹਟ ਨੂੰ ਪੂਰਿਆਂ ਕੀਤਾ, ਵਿਸ਼ਵਾਸ ਕੀਤਾ** ਅਤੇ ਪ੍ਰਭੂ ਦੇ ਪਿੱਛੇ ਚੱਲੇ।

  ਇਬਰਾਨੀਆਂ 11:8 **ਨਿਹਚਾ** ਨਾਲ ਅਬਰਾਹਾਮ ਜਾਂ **ਸੱਦਿਆ** ਗਿਆ ਤਾਂ . . . **ਆਗਿਆ ਮੰਨ ਲਈ**

  - ਨਿਹਚਾ ਅਤੇ ਵਿਸ਼ਵਾਸ ਦੋਵੇਂ ਇੱਕੋ ਯੂਨਾਨੀ ਸ਼ਬਦ ਤੋਂ ਆਉਂਦੇ ਹਨ।
  - ਨਿਹਚਾ – ਨਾਂਵ ਹੈ ਅਤੇ ਇਹ ਸਾਨੂੰ ਪ੍ਰਭੂ ਵੱਲੋਂ ਦਿੱਤੀ ਜਾਂਦੀ ਹੈ।
  - ਵਿਸ਼ਵਾਸ – ਇਹ ਕਿਰਿਆ ਹੈ, ਅਜਿਹਾ ਸ਼ਬਦ ਜੋ ਕਿਸੇ ਕੀਤੇ ਜਾਣ ਵਾਲੇ ਕੰਮ ਨੂੰ ਦਰਸਾਉਂਦਾ ਹੈ। ਸੱਚੀ ਨਿਹਚਾ ਕੁਝ ਕੰਮ ਕਰਦੀ ਹੈ।

- **ਬਹੁਤ ਵਧੀਕ . . . ਆਪਣੀ ਮੁਕਤੀ ਦਾ ਕੰਮ ਨਿਬਾਹੋ** ਹੁਣ ਸਾਨੂੰ ਹੋਰ ਵੀ ਜ਼ਿਆਦਾ ਮਿਹਨਤ (ਕਾਰਜ) ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਅਜਿਹਾ ਜੀਵਨ ਜੀਓ ਜਿਸ ਤੋਂ **ਪ੍ਰਭੂ** ਨੂੰ ਆਦਰ ਅਤੇ ਵਡਿਆਈ ਮਿਲੇ।

ਇਸ ਗੱਲ ਲਈ ਦਿਲੋਂ ਪ੍ਰੇਮ, ਸ਼ੁਕਰਗੁਜ਼ਾਰੀ ਅਤੇ ਪ੍ਰਸ਼ੰਸਾ ਪਰਗਟ ਕਰਨਾ ਕਿ ਉਸ ਨੇ ਤੁਹਾਨੂੰ ਪਹਿਲਾਂ ਤੋਂ ਠਹਿਰਾਇਆ – ਤੁਹਾਨੂੰ ਸੱਦਿਆ – ਤੁਹਾਨੂੰ ਧਰਮੀ ਠਹਿਰਾਇਆ – ਤੁਹਾਨੂੰ ਬਚਾਇਆ ਅਤੇ ਵਡਿਆਈ ਦਿੱਤੀ।

ਅਤੇ ਤੁਸੀਂ ਅਜਿਹਾ ਇਸ ਕਰਕੇ ਕਰ ਸਕਦੇ ਹੋ ਕਿਉਂਕਿ . . .

- ਕਿਉਂ ਜੋ **ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ "ਵਿੱਚ"** ਮਨਸ਼ਾ ਤੇ **ਅਮਲ** ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ **ਪੈਦਾ ਕਰਦਾ** ਹੈ। ਇਹ ਐਲਾਨ ਹੈ ਕਿ ਉਹ ਨਵਾਂ ਜਨਮ ਪਾਏ ਹੋਏ ਮਸੀਹੀ ਹਨ ਕਿਉਂਕਿ ਪ੍ਰਭੂ ਪਰਮੇਸ਼ੁਰ ਉਨ੍ਹਾਂ **ਵਿੱਚ** . . . ਕੰਮ ਕਰ ਰਿਹਾ ਹੈ . . . ਇਸ ਲਈ:

ਫਿਲਿੱਪੀਆਂ 2:14-15 ਤੁਸੀਂ ਸੱਭੇ ਕੰਮ ਬੁੜ ਬੁੜ ਅਤੇ ਝਗੜੇ ਕਰਨ ਤੋਂ ਬਿਨਾ **ਕਰੋ**। 15 ਭਈ ਤੁਸੀਂ (ਦੂਸਰਿਆਂ ਦੀ ਦ੍ਰਿਸ਼ਟੀ ਵਿੱਚ) **ਨਿਰਦੋਸ਼** ਅਤੇ **ਸਿੱਧੇ ਸਾਧੇ** ਹੋ ਕੇ ਵਿੰਗੀ ਟੇਢੀ ਪੀੜ੍ਹੀ ਵਿੱਚ **ਪਰਮੇਸ਼ੁਰ ਦੇ** ਨਿਰਮਲ **ਬਾਲਕ** ਬਣੇ ਰਹੋ ਜਿਨ੍ਹਾਂ ਦੇ ਵਿੱਚ **ਤੁਸੀਂ** ਜਗਤ ਉੱਤੇ **ਜੋਤਾਂ ਵਾਂਙੁ ਦਿੱਸਦੇ ਹੋ**।

- ਲੇਲੇ ਦੇ **ਲਹੂ** ਦੇ ਕਾਰਨ ਤੁਸੀਂ ਪਹਿਲਾਂ ਹੀ ਪ੍ਰਭੂ ਦੀ ਦ੍ਰਿਸ਼ਟੀ ਵਿੱਚ **ਨਿਰਦੋਸ਼ ਅਤੇ ਸਿੱਧੇ ਸਾਧੇ** ਹੋ, **ਧਰਮੀ ਠਹਿਰਾਏ ਗਏ** ਹੋ (ਯਹੂਦਾ 24, ਰੋਮੀਆਂ 3:22-25)

- ਇਹ ਆਇਤ ਸਾਡੇ ਜੀਵਨ ਜੀਉਣ ਦੇ ਵਰਤਮਾਨ ਢੰਗ ਰਾਹੀਂ "ਉਸ ਦੇ ਗਵਾਹ" (ਰਸੂਲਾਂ ਦੇ ਕਰਤੱਬ 1:8) ਬਣਨ ਬਾਰੇ ਦੱਸਦੀ ਹੈ।

ਮੱਤੀ 7:20 ਸੋ ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ।

ਯੂਹੰਨਾ 15:2-6 . . . ਹਰੇਕ ਟਹਿਣੀ ਜੋ **ਫਲ ਦਿੰਦੀ** ਹੈ ਉਹ ਉਸ ਨੂੰ ਛਾਂਗਦਾ ਹੈ (ਜਥਾਰਥ: ਸਾਫ਼ ਕਰਦਾ ਹੈ) ਤਾਂ ਜੋ ਹੋਰ ਵੀ ਫਲ ਦੇਵੇ। 3
ਤੁਸੀਂ ਤਾਂ ਉਸ ਬਚਨ ਕਰਕੇ ਜੋ ਮੈਂ ਤੁਹਾਨੂੰ ਕਿਹਾ ਹੈ (ਜਦੋਂ ਉਸ ਨੇ ਤੁਹਾਨੂੰ ਸੱਦਿਆ: 1 ਕੁਰਿੰਥੀਆਂ 1:2) **ਸਾਫ਼ ਹੋ ਚੁੱਕੇ** ।

5 ਅੰਗੂਰ ਦੀ ਬੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ। ਜੋ ਮੇਰੇ ਵਿੱਚ ਰਹਿੰਦਾ ਹੈ ਅਤੇ ਮੈਂ ਉਸ ਵਿੱਚ ਸੋਈ **ਬਹੁਤਾ ਫਲ ਦਿੰਦਾ** ਹੈ ਕਿਉਂ ਜੋ ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸੱਕਦੇ।

8 ਮੇਰੇ ਪਿਤਾ ਦੀ ਵਡਿਆਈ ਇਸੇ ਤੋਂ ਹੁੰਦੀ ਹੈ ਜੋ ਤੁਸੀਂ ਬਹੁਤਾ ਫਲ ਦਿਓ ਅਰ ਇਉਂ ਤੁਸੀਂ ਮੇਰੇ ਚੇਲੇ ਹੋਵੋਗੇ।

ਆਪਣੀ ਮੁਕਤੀ ਨੂੰ ਪੂਰਿਆਂ ਕਰੋ, ਇਸ ਤੇ ਮਿਹਨਤ ਕਰੋ, ਇਸ ਨੂੰ ਇਸ ਦੀ ਭਰਪੂਰੀ ਤਕ ਲੈ ਜਾਓ ਜਿਸ ਤੋਂ ਇਹ ਪਤਾ ਲੱਗੇ ਕਿ ਤੁਸੀਂ ਪਰਮੇਸ਼ੁਰ ਦੀ ਸੰਤਾਨ, ਇੱਕ ਮਸੀਹੀ (ਮਸੀਹ ਜਿਹੇ) ਹੋ।

**ਜੋ ਤੁਸੀਂ ਹੋ ਉਹੋ ਬਣ ਕੇ ਰਹੋ . . . ਸਾਬਤ ਕਰੋ ਕਿ ਤੁਸੀਂ ਉਸ ਦੇ ਚੇਲੇ ਹੋ। ਉਸ ਦੇ ਉੱਤਮ ਗੁਣਾਂ ਨੂੰ ਪਰਗਟ ਕਰੋ ਜਿਸ ਨੇ ਤੁਹਾਨੂੰ ਹਨੇਰੇ ਵਿੱਚੋਂ ਆਪਣੇ ਚਾਨਣ ਵਿੱਚ ਸੱਦ ਲਿਆ** (1 ਪਤਰਸ 2:9)।

ਯਸਾਯਾਹ 61:10 ਮੈਂ ਯਹੋਵਾਹ ਵਿੱਚ ਬਹੁਤ ਖੁਸ਼ ਹੋਵਾਂਗਾ, ਮੇਰਾ ਜੀ ਮੇਰੇ ਪਰਮੇਸ਼ੁਰ ਵਿੱਚ ਬਹੁਤ ਮਗਨ ਹੋਵੇਗਾ, **(ਕਿਉਂ?)** ਕਿਉਂ ਜੋ **ਉਸ ਮੈਨੂੰ ਮੁਕਤੀ** ਦੇ ਬਸਤਰ **ਪਵਾਏ, ਉਸ ਧਰਮ ਦੇ** ਚੋਗੇ ਨਾਲ **ਮੈਨੂੰ ਕੱਜਿਆ**, ਜਿਵੇਂ ਲਾੜਾ ਸਿਹਰੇ ਨਾਲ ਆਪ ਨੂੰ ਸੁਆਰਦਾ, ਅਤੇ ਲਾੜੀ ਆਪਣਿਆਂ ਗਹਿਣਿਆਂ ਨਾਲ ਆਪ ਨੂੰ ਸ਼ਿੰਗਾਰਦੀ ਹੈ।

ਤੁਹਾਡੇ ਸਵਰਗੀ ਪਿਤਾ ਨੇ ਉਪਰੋਕਤ ਸਾਰੇ ਕੰਮ ਇਸ ਲਈ ਕੀਤੇ ਕਿਉਂਕਿ:

ਤੁਸੀਂ ਉਸ ਦੇ ਬੱਚੇ ਹੋ। ਉਹ ਉਨ੍ਹਾਂ ਦਾ ਜੋ ਉਸ ਦੇ ਹਨ ਧਿਆਨ ਰੱਖਦਾ ਹੈ।

ਉਹ ਤੁਹਾਡੇ ਨਾਲ ਪਿਆਰ ਕਰਦਾ ਹੈ ! ਤੁਸੀਂ ਉਸ ਲਈ ਬਹੁਤ ਖਾਸ ਅਤੇ ਵਡਮੁੱਲੇ ਹੋ।

ਅਜਿਹਾ ਜੀਵਨ ਬਿਤਾਓ ਜਿਸ ਨਾਲ ਤੁਹਾਡੇ ਪਿਤਾ ਨੂੰ ਵਡਿਆਈ ਮਿਲੇ ਅਤੇ ਉਸ ਨੂੰ ਤੁਹਾਡੇ ਉੱਤੇ ਮਾਣ ਹੋਵੇ।

## ਯਿਸੂ ਉਸ ਦੇ ਆਪਣਿਆਂ ਦੀ ਚਿੰਤਾ ਕਰਦਾ ਹੈ

ਪ੍ਰਭੂ ਯਿਸੂ ਹੈ ਹਾਲੇ ਆਪਣੇ ਸਿੰਘਾਸਣ ਤੇ ਹੈ
ਉਹ ਬੜੇ ਪਿਆਰ ਨਾਲ ਉਸ ਦੇ ਆਪਣਿਆਂ ਦਾ ਧਿਆਨ ਰੱਖਦਾ ਹੈ
ਉਸ ਦੇ ਵਾਦੇ ਸੱਚੇ ਹਨ – ਉਹ ਤੁਹਾਨੂੰ ਬਹੁਤ ਪ੍ਰੇਮ ਕਰਦਾ ਹੈ
ਉਹ ਉਸ ਦੇ ਆਪਣਿਆਂ ਦੀ ਸਦਾ ਚਿੰਤਾ ਕਰਦਾ ਹੈ

ਯਿਸੂ ਹਾਲੇ ਵੀ ਆਪਣੇ ਸਿੰਘਾਸਣ ਤੇ ਹੈ – ਉਹ ਉਸ ਦੇ ਆਪਣਿਆਂ ਦੇ ਨਮਿੱਤ ਰਾਜ ਕਰਦਾ ਹੈ
ਉਹ ਸਾਲ-ਦਰ ਸਾਲ ਤੁਹਾਡੇ ਹੰਝੂਆਂ ਨੂੰ ਕੁੱਪੀ ਵਿੱਚ ਸਾਂਭਦਾ ਹੈ
ਉਹ ਤੁਹਾਡੇ ਵਾਲਾਂ ਦੀ ਵੀ ਗਿਣਤੀ ਰੱਖਦਾ ਹੈ ਕਿਉਂਕਿ ਉਹ ਸੱਚਮੁੱਚ ਤੁਹਾਡੀ ਚਿੰਤਾ ਕਰਦਾ ਹੈ
ਉਹ ਬੜੀ ਲਗਨ ਨਾਲ ਉਸ ਦੇ ਆਪਣਿਆਂ ਦੀ ਨਿਗਰਾਨੀ ਕਰਦਾ ਹੈ

ਤੁਸੀਂ ਉਸ ਦੀ ਨਿਗਾਹ ਵਿੱਚ ਵਡਮੁੱਲੇ ਹੋ – ਉਸ ਦੇ ਚਾਨਣ ਵਿੱਚ ਚਮਕਦਾ ਇੱਕ ਖਜ਼ਾਨਾ
ਤੁਹਾਡੀ ਖਾਤਰ ਹੀ ਉਸ ਨੇ ਆਪਣਾ ਸਿੰਘਾਸਣ ਛੱਡਿਆ – ਅਤੇ ਉਸ ਦੇ ਆਪਣਿਆਂ ਲਈ ਹੇਠਾਂ ਉੱਤਰ ਆਇਆ

ਤੁਹਾਡੀ ਖਾਤਰ ਉਹ ਮਾਰਿਆ ਗਿਆ – ਉਸ ਦੇ ਲਹੂ ਦੇ ਦੁਆਰਾ ਤੁਸੀਂ ਹਾਸਲ ਕੀਤੇ ਗਏ
ਉਸ ਦਾ ਖਜ਼ਾਨਾ ਲੱਭ ਪਿਆ
ਜੋ ਧਰਤੀ ਉੱਤੋਂ ਛੁਡਾ ਲਿਆ ਗਿਆ

ਜਿੱਤ ਦੇ ਨਾਰੇ ਨਾਲ ਉਹ ਆਪਣੇ ਸਿੰਘਾਸਣ ਤੇ ਵਾਪਸ ਮੁੜ ਗਿਆ
ਜਿੱਥੇ ਉਸ ਦੇ ਸਿੰਘਾਸਣ ਉੱਤੇ ਉਸ ਦੇ ਕੋਲ, ਉਸ ਦੀ ਕਿਰਪਾ ਦੇ ਇਨਾਮ ਉਸ ਦੇ ਆਪਣੇ
ਬੜੇ ਮਾਣ ਨਾਲ ਖੜ੍ਹੇ ਵਿਖਾਈ ਦਿੰਦੇ ਹਨ।

ਨਵੀਂ ਦਿੱਲੀ, ਭਾਰਤ ਅਗਸਤ 24, 1993